# ਕੇਸਾਂ ਦੀ ਮਹੱਤਤਾ



ਸਿੱਖ ਧਰਮ ਕੁਰਬਾਨੀਆਂ ਵਾਲਾ ਧਰਮ ਹੈ। ਬਿਨਾਂ ਕਿਸੇ ਅੰਧ ਵਿਸ਼ਵਾਸ ਤੋਂ ਇਹ ਆਪਣੇ ਅਸੂਲਾਂ ਉੱਤੇ ਖੜ੍ਹਾ ਹੈ। ਸਾਡੇ ਗੁਰੂ ਸਾਹਿਬਾਨ ਨੇ ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ ਦਾ ਉਪਦੇਸ਼ ਦਿੱਤਾ। ਭਾਰਤ ਦੇ ਇਤਿਹਾਸ ਦਾ ਕੋਈ ਵੀ ਵਰਕਾ ਫਰੋਲ ਕੇ ਦੇਖ ਲਵੋ ਸਿੱਖ ਯੋਧਿਆਂ ਦੀਆਂ ਕੁਰਬਾਨੀਆਂ ਨਾਲ ਭਰਿਆ ਹੈ। ਦਸਵੇਂ ਪਾਤਸ਼ਾਹ ਨੇ ਪਰਿਵਾਰ ਦੇ 56 ਜੀਅ ਵਾਰ ਕੇ ਸਿੱਖ ਧਰਮ ਦੇ ਬੂਟੇ ਨੂੰ ਪਾਣੀ ਦੀ ਥਾਂ ਖ਼ੂਨ ਨਾਲ ਸਿੰਜਿਆਂ ਹੈ। ਸਿੱਖ ਨੇ ਕੇਸ ਕਤਲ ਕਰਵਾਉਣ ਦੀ ਥਾਂ ਖੋਪੜ ਲਹਾਉਣ ਨੂੰ ਪਹਿਲ ਦਿੱਤੀ। ਗੁਰੂ ਜੀ ਨੇ ਕੇਸਾਂ ਨੂੰ ਸਰੀਰ ਲਈ ਜ਼ਰੂਰੀ ਦੱਸਿਆ ਅਤੇ ਕਿਹਾ ਕਿ ਕਿਸੇ ਵੇਲੇ ਇਹ ਸਿੱਧ ਹੋਵੇਗਾ ਕਿ ਵਾਲ ਕਤਲ ਕਰਵਾਉਣ ਨਾਲ ਕਈ ਬਿਮਾਰੀਆਂ ਹੁੰਦੀਆਂ ਹਨ । ਇਸੇ ਲਈ ਗੁਰੂ ਜੀ ਨੇ ਪੰਜੇ ਕਕਾਰਾਂ ਵਿਚ ਕੇਸਾਂ ਨੂੰ ਵਿਸ਼ੇਸ਼ ਮਹੱਤਤਾ ਦਿੱਤੀ ਅਤੇ ਰੋਮ ਛਿਦਵਾਉਨ ਤੋ ਪਰਹੇਜ਼ ਲਈ ਕਿਹਾ । ਸਿੱਖ ਧਰਮ ਵਿਚ ਕੇਸਾਂ ਨੂੰ ਕਤਲ ਕਰਾਉਣਾ ਬਹੁਤ ਵੱਡਾ ਪਾਪ ਹੈ ਪਰ ਅੱਜ ਕਲ..... ਕੀ ਪਿੰਡਾਂ ਕੀ ਸ਼ਹਿਰਾਂ ਵਿਚ ਟਾਂਵਾਂ ਟਾਂਵਾਂ ਹੀ ਦਸਤਾਰ ਧਾਰੀ ਤੇ ਕੇਸਧਾਰੀ ਨਜ਼ਰ ਆਉਂਦਾ ਹੈ ਅਫ਼ਸੋਸ ਸਿੱਖਾਂ ਦੇ ਮੁੰਡੇ ਕੇਸਾਂ ਨੂੰ ਕਤਲ ਕਰਵਾ ਕੇ ਰੋਡੇ ਹੁੰਦੇ ਜਾ ਰਹੇ ਹਨ... ਮੁੰਡਿਆਂ ਤੋਂ ਇਲਾਵਾ ਕੀ ਸਿੱਖ ਬੀਬੀਆਂ ਕੇਸਧਾਰੀ ਹਨ? .....ਜਵਾਬ ਹੈ ਨਹੀ ਬੀਬੀਆਂ ਤਾਂ ਕਾਕਿਆਂ ਤੋ ਵੀ ਅੱਗੇ ਹਨ ਵਾਲਾਂ ਦੀ ਗੁੱਤ ਜਾਂ ਜੂੜੇ ਦੀ ਥਾਂ ਸਿਰ ਪੋਣੀਆਂ ਹੀ ਨਜ਼ਰ ਆਉਂਦੀਆਂ ਹਨ।

ਵਿਸਥਾਰ ਨਾਲ ਗੱਲ ਕਰੀਏ ਤਾਂ ਸਿੱਖੀ ਰਹਿਤ ਵਿਚ ਪੰਜ ਕਕਾਰਾਂ ਵਿਚੋਂ ਸਿਰਮੌਰ ਕੱਕਾ ਕੇਸ ਹਨ ਸਰੀਰ ਦਾ ਸਭ ਤੋਂ ਨਾਜ਼ੁਕ ਜਗਾ ਸਿਰ ਹੈ ਇੰਜ ਕਹਿਣ ਵਿਚ ਕੋਈ ਝੂਠ ਨਹੀਂ ਹੋਵੇਗਾ ਕਿ ਸਿਰ ਵਿਚ ਹੀ ਸਰੀਰ ਦਾ ਸਭ ਤੋਂ ਕੀਮਤੀ ਅਨਮੋਲ ਖ਼ਜ਼ਾਨਾ ਹੈ ਜੋ ਕਿ ਸਭ ਤੋਂ ਨਾਜ਼ੁਕ ਜਗਾ ਹੈ ਜੇਕਰ ਸਰੀਰਕ ਕਾਇਆ ਵਿਚ ਸਭ ਤੋਂ ਉੱਪਰ ਕੋਈ ਹੈ ਤਾਂ ਉਹ ਕੇਸ ਹਨ ਅਧਿਆਤਮਕ ਆਧਾਰ ਤੇ ਗੱਲ ਕਰੀਏ ਤਾਂ ਕੇਸ਼ ਜਪ ਤਪ ਸ਼ਬਦ ਨਾਮ ਸਿਮਰਨ ਦੇ ਅਭਿਆਸ ਮੌਕੇ ਜੋ ਮਸਤਕ ਵਿਚ ਸ਼ਕਤੀ ਅਨੰਦ ਇਲਾਹੀ ਰਸ ਪ੍ਰਦਾਨ ਹੁੰਦਾ ਹੈ ਉਸ ਸ਼ਕਤੀ ਦਾ ਪ੍ਰਭਾਵ ਕਾਫ਼ੀ ਸਮੇਂ ਤੱਕ ਮਸਤਕ ਵਿਚ ਰਹੇ ਕੇਸ ਉਸ ਦੀ ਸੁਰਕਸਾ ਕਰਦੇ ਹਨ ਜੇਕਰ ਇਤਿਹਾਸ ਵਿਚ ਨਜ਼ਰ ਮਾਰੀਏ ਤਾਂ ਹਰੇਕ ਧਰਮਾਂ ਦੀਆਂ ਇਲਾਹੀ ਜੋਤਾਂ, ਦੇਵਤਾਂਵਾਂ, ਰਿਸੀ ਮੁਨੀਆਂ, ਪੀਰ ਪੈਗੰਬਰਾਂ ਅਤੇ ਸਿਰਮੌਰ ਪ੍ਰਚਾਰਕਾਂ ਦੇ ਸਿਰ ਤੇ ਕੇਸ ਸਨ ਉਨਾਂ ਨੇ ਕੇਸਾਂ ਨਾਲ ਅਥਾਹ ਪਿਆਰ ਕੀਤਾ ਹੈ ਤੇ ਇਹੀ ਮੁੱਖ ਕਾਰਨ ਹੈ ਸਿੱਖ ਜਗਤ ਵਿਚ ਗੁਰੂਆਂ ਸਾਹਿਬਾਨਾਂ ਨੇ ਕੇਸਾਂ ਨੂੰ ਸਿਰਮੌਰ ਮੰਨਿਆ ਹੈ। ਕੇਸਾਂ ਵਿਚ ਇਹ ਅਦੁੱਤੀ ਨਾਮ ਸਿਮਰਨ ਵਾਲੀ ਸ਼ਕਤੀ ਹੋਲੀ ਹੋਲੀ ਨਾ ਨਿਕਲੇ ਤਾਂ ਦਸਤਾਰ ਸਹਾਇਤਾ ਕਰਦੀ ਹੈ ਇਹੀ ਕਾਰਨ ਹੈ ਜਦ ਵੀ ਪੁਰਾਤਨ ਸਮੇਂ ਤੋਂ ਹੁਣ ਤੱਕ ਵੇਦ ਪਾਠੀ ਪਾਠ ਆਰੰਭ ਕਰਨ ਸਮੇਂ 20-20 ਗਜ ਦੇ ਦਸਤਾਰ ਸਜਾਏ ਜਾਂਦੇ ਸਨ ਸਿਰ ਨੰਗੇ ਵੇਦ ਪਾਠ ਦੀ ਬੇਅਦਬੀ ਸੀ, ਸਿਰ ਨੰਗਾਂ ਤਾਂ ਇਸਲਾਮ ਵਿਚ ਨਮਾਜ਼ ਨਹੀਂ ਪੜ ਸਕਦਾ, ਇਸੇ ਕਰ ਕੇ ਸਿਰ ਨੰਗਿਆਂ ਤਾਂ ਸਿੱਖ ਜਗਤ ਵਿਚ ਕੀਰਤਨ ਕਰਨਾ, ਕਥਾ, ਪਾਠ ਬੇਅਦਬੀ ਹੈ। ਇਹੀ ਕਾਰਨ ਹੈ ਕਿ ਜੋ ਮਸਤਕ ਵਿਚ ਸ਼ਕਤੀ, ਸਤਿਕਾਰ ਹੈ ਉਸ ਦੀ ਸੁਰਕਸਾ ਲੰਮੇ ਸਮੇਂ ਤੱਕ ਹੋ ਸਕੇ। ਜੇਕਰ ਥੋੜਾ ਜਿਹਾ ਧਿਆਨ ਇੱਕ ਤਿਉਹਾਰ ਦਸਹਿਰੇ ਵੱਲ ਲੈ ਕੇ ਜਾਇਆ ਜਾਵੇ ਤਾਂ ਰਾਮ-ਲੀਲਾ ਕਮੇਟੀਆਂ ਰਾਮ-ਲੀਲਾ ਦੇ ਸਮਾਗਮ ਦਾ ਆਯੋਜਨ ਕਰਦੀਆਂ ਹਨ ਤਾਂ ਉਨਾਂ ਨੂੰ ਬਾਜ਼ਾਰੋਂ ਨਕਲੀ ਕੇਸ਼, ਨਕਲੀ ਜੂੜੇ, ਦਾੜੀਆਂ ਖ਼ਰੀਦਣੇ ਪੈਂਦੇ ਹਨ ਇਹੀ ਕੇਸਾਂ ਦੀ ਮਹੱਤਤਾ ਦਾ ਪੁਰਾਤਨ ਇਤਿਹਾਸ ਪੇਸ਼ ਕਰਦੀਆਂ ਹਨ। ਰਿਸ਼ੀ ਮੁੰਨੀਆਂ ਦੀਆਂ ਪੇਸ਼ਕਾਰੀ ਕਰਨ ਵਾਲੇ ਨੂੰ ਸਟੇਜ ਤੇ ਦਰਸਾਉਣ ਲਈ ਕੇਸਾਂ, ਜੂੜੇ, ਦਾੜੀਆਂ ਦੀ ਲੋੜ ਹੈ। ਹੁਣ ਸਿੱਖ ਮਾਨ ਨਾਲ ਕਿਹਾ ਸਕਦਾ ਹੈ ਕਿ ਮੇਰੇ ਕੋਲ ਆਪਣਾ ਜੂੜਾ, ਆਪਣੀ ਦਾੜੀ ਹੈ ਜੋ ਕਿ ਗੁਰੂ ਕੇ ਲਾਡਲੇ ਸਿੰਘਾਂ ਦੀ ਅਣਖੀ ਪਹਿਚਾਣ ਨੂੰ ਵੱਖਰਾ ਅਦੁੱਤੀ ਖ਼ੂਬਸੂਰਤ ਸ਼ਿੰਗਾਰ ਦਿੰਦੀ ਹੈ। ਜਿਸ ਨਾਲ ਮਨੁੱਖ ਦਾ ਸੁੰਦਰ ਸਰੂਪ ਪ੍ਰਤੱਖ ਹੁੰਦਾ ਹੈ।

ਹੁਣ ਅਜੋਕੇ ਸਮੇਂ ਵਿਚ ਨਜ਼ਰ ਮਾਰੀਏ ਤਾਂ ਸਿੱਖ ਪਰਿਵਾਰ ਵਿਚ ਜਿੱਥੇ ਮਾਂ ਬਾਪ ਜਾਂ ਸੱਸ ਸਹੁਰਾ ਤਾਂ ਅੰਮ੍ਰਿਤਧਾਰੀ ਹੁੰਦੇ ਹਨ ਉੱਥੇ ਕੁੜੀ, ਨੂੰਹ ਪੋਣੀ ਵਾਲੀ ਹੁੰਦੀ ਦਿਖਾਈ ਦਿੰਦੀ ਹੈ.... ਕਿੰਨਾ ਦੁੱਖ ਹੁੰਦਾ ਹੋਵੇਗਾ ਉਸ ਬਾਜ਼ਾਂ ਵਾਲੇ ਬਾਪੂ ਨੂੰ ਜਿਸ ਨੇ ਸਿੱਖ ਧਰਮ ਲਈ ਆਪਣਾ ਸਰਬੰਸ ਹੀ ਵਾਰ ਦਿੱਤਾ। ਸਿੱਖ ਪਰਿਵਾਰ ਵਿਚ ਮਾਂ ਬਾਪ ਹੀ ਕੇਸਧਾਰੀ ਹੀ ਨਹੀਂ .... ਤਾਂ ਬੱਚਿਆਂ ਤੋ ਅਸੀਂ ਕੀ ਉਮੀਦ ਕਰ ਸਕਦੇ ਹਾਂ ਜਿਹੋ ਜਿਹਾ ਮਾਂ ਬਾਪ ਆਪਣੇ ਬੱਚਿਆਂ ਨੂੰ ਸਿੱਖਿਆ ਦੇਣਗੇ ਉਹੋ ਜਿਹੇ ਰਾਹ ਉੱਪਰ ਹੀ ਚੱਲ ਪੈਣਗੇ। ਕਈ ਬੀਬੀਆਂ ਨਾਲ ਮੁਲਾਕਾਤ ਵੇਲੇ ਇਹ ਗੱਲ ਐਵੇਂ ਹੀ ਚੱਲ ਪੈਂਦੀ ਹੈ ਕਿ ਤੁਸੀਂ ਆਪਣੇ ਇਹ ਨੇ ਸੋਹਣੇ ਕੇਸ ਕਤਲ ਕਿਉਂ ਕਰਵਾ ਦਿੱਤੇ ਤਾਂ ਜ਼ਿਆਦਾਤਰ ਬੀਬੀਆਂ ਦਾ ਜਵਾਬ ਇਹੀ ਹੁੰਦਾ ਹੈ ਕਿ ਕੇਸ ਸਾਂਭਣੇ ਔਖੇ ਸਨ ਜਾਂ ਫਿਰ ਕੰਮ ਤੇ ਤਿਆਰ। ਕਾਕਿਆਂ ਨੂੰ ਪੁੱਛੋ ਤਾਂ ਕਹਿੰਦੇ ਹਨ ਕੌਣ ਪਵੇ ਇਸ ਝੰਜਟ ਵਿਚ ਨਹਾਉਣ ਵੇਲਾ ਔਖਾ, ਵਹਾਉਣ ਵੇਲੇ ਔਖਾ ਤੇ ਫਿਰ ਦਸਤਾਰ ਦਾ ਝੰਜਟ ਹੁਣ ਜੱਦੋ ਨੁਹਾਈਏ ਤਾਂ ਸਿਰ ਚੱ ਪਾਣੀ ਵੀ ਪਾ ਲਈਦਾ ਹੈ ਤੋਲੀਏ ਨਾਲ ਸਾਫ਼ ਕਰੋ ਕੰਘਾ ਮਾਰੋ ਤੇ ਤਿਆਰ ਅੱਜਕੱਲ ਦੇ ਨੌਜਵਾਨ ਕਿਸੇ ਵੀ ਕੰਮ ਦਾ ਬੋਝ ਚੱਲ ਕੇ ਰਾਜ਼ੀ ਹੀ ਨਹੀ ਕੇਸਧਾਰੀ ਸਿੱਖ ਦੇ ਸੋਹਣੀ ਜਿਹੀ ਦਸਤਾਰ ਉਸ ਨੂੰ ਇੱਕ ਵੱਖਰੀ ਹੀ ਦਿੱਖ ਪ੍ਰਦਾਨ ਕਰਦੀ ਹੈ ਤੇ ਬੀਬੀਆਂ ਜੇ ਦਸਤਾਰ ਨਹੀ ਲੰਬੀ ਗੁੱਤ ਜਾਂ ਜੂੜੇ ਨਾਲ ਵੀ ਪੰਜਾਬੀ ਸਭਿਆਚਾਰਕ ਵਿਰਸੇ ਤੇ ਪਰਵਾਰ ਦੀ ਸਾਨੋ ਸ਼ੌਕਤ ਦੀ ਪਹਿਚਾਣ ਨੂੰ ਵਧਾਉਂਦੀ ਹੈ। ਸੋ ਕੇਸਾਂ ਦੀ ਸੰਭਾਲ ਕਿਸੇ ਵੀ ਬਹਾਨਿਆਂ ਤੋਂ ਗੁਰੇਜ਼ ਕਰ ਕੇ ਕੀਤੀ ਜਾ ਸਕਦੀ ਹੈ।

**- ਹਰਮਿੰਦਰ ਸਿੰਘ ਭੱਟ**
**ਬਿਸਨਗੜ (ਸੰਗਰੂਰ)**
**99140 62205**

# ਗੁਰੂ ਨਾਨਕ ਬਾਣੀ ਵਿਚ ਅੰਧ-ਵਿਸ਼ਵਾਸਾਂ ਦਾ ਖੰਡਨ ਕਰਦੀ ਹੈ

ਜਦ ਵੀ ਸੰਸਾਰ ਵਿਚ ਧਰਮ ਵਿਰੁੱਧ ਆਵਾਜ਼ ਉਠਾਈ ਗਈ ਜਾਂ ਅੰਧ-ਵਿਸ਼ਵਾਸਾਂ ਦੀ ਬਹੁਲਤਾ ਹੋਈ ਹੈ ਤਾਂ ਕੋਈ ਨ ਕੋਈ ਦੈਵਿਤ ਸ਼ਕਤੀ ਮਨੁੱਖ ਜਾਤੀ ਨੂੰ ਇਕ ਨਵਾਂ ਸੰਦੇਸ਼ ਦੇਣ ਲਈ ਹਰ ਸਮੇਂ ਪ੍ਰਗਟ ਹੋਈ ਹੈ। ਗੁਰੂ ਨਾਨਕ ਦੇਵ ਜੀ ਦਾ ਜਨਮ ਵੀ ਉਸ ਸਮੇਂ ਹੋਇਆ ਜਦੋਂ ਲੱਖਾਂ ਲੋਕਾਂ ਦੇ ਮਨ ਵਿਚ ਅੰਧ-ਵਿਸ਼ਵਾਸਾਂ ਨੇ ਘੇਰਾ ਪਾ ਲਿਆ ਹੋਇਆ ਸੀ। ਗੁਰੂ ਜੀ ਨੇ ਆਪਣੀ ਬਾਣੀ ਰਾਹੀਂ ਲੋਕਾਂ ਦੇ ਮਨ ਵਿਚ ਘਰ ਕੀਤੇ ਹੋਏ ਅੰਧ-ਵਿਸ਼ਵਾਸਾਂ ਨੂੰ ਦੂਰ ਕਰਦੇ ਹੋਏ ਤੇ ਸਹੀ ਰਾਹ ਦਿਖਾਉਂਦੇ ਹੋਏ, ਸਮਾਜ ਨੂੰ ਇਕ ਨਵੀਂ ਸੋਚ ਤੇ ਦ੍ਰਿਸ਼ਟੀ ਪ੍ਰਧਾਨ ਕੀਤੀ।

ਸਭ ਤੋਂ ਪਹਿਲਾਂ ਗੁਰੂ ਜੀ ਨੇ ਜਨੇਊ ਪਹਿਨਣ ਦਾ ਖੰਡਨ ਕੀਤਾ। ਜਦੋਂ ਉਹ ਦਸ ਕੁ ਸਾਲਾਂ ਦੇ ਹੋਏ ਤਾਂ ਉਹਨਾਂ ਨੂੰ ਮਰਿਆਦਾ ਅਨੁਸਾਰ ਜਨੇਊ ਪਹਿਨਾਉਣ ਦੇ ਲਈ ਪੰਡਿਤ ਹਰਿਦਿਆਲ ਨੂੰ ਬੁਲਾਇਆ ਗਿਆ ਤਾਂ ਗੁਰੂ ਜੀ ਨੇ ਪੰਡਿਤ ਦਾ ਹੱਥ ਫੜਦੇ ਹੋਏ ਕਿਹਾ ਕਿ, "ਇਹ ਜਨੇਊ ਤਾਂ ਕੱਚੇ ਧਾਗੇ ਦਾ ਹੈ, ਜੋ ਟੁੱਟ ਵੀ ਸਕਦਾ ਹੈ, ਜਲ ਵੀ ਸਕਦਾ ਹੈ ਤੇ ਮੈਲਾ ਵੀ ਹੋ ਸਕਦਾ ਹੈ। ਇਸ ਲਈ ਕ੍ਰਿਪਾ ਕਰਕੇ ਕੋਈ ਐਸਾ ਜਨੇਊ ਮੈਨੂੰ ਪਹਿਨਣ ਲਈ ਦਿਉ ਜਿਹੜਾ ਨਾ ਕਦੇ ਜਲੇ, ਨਾ ਟੁੱਟੇ ਤੇ ਨਾ ਹੀ ਮੈਲਾ ਹੋਵੇ, ਉਸਦੀ ਸ਼ੁਧੀ ਸਦਾ ਲਈ ਬਰਕਰਾਰ ਰਵੇ। ਭਾਵ ਜਨੇਊ ਇਸ ਤਰ੍ਹਾਂ ਦਾ ਹੋਣਾ ਚਾਹੀਦਾ ਹੈ, ਜਿਸਦਾ ਸੰਬੰਧ ਆਤਮਾ ਨਾਲ ਹੋਵੇ, ਜੋ ਸੱਚਾਈ ਅਤੇ ਭਗਤੀ ਦੇ ਰਾਹ ਤੇ ਚੱਲਣ ਲਈ ਹਰ ਸਮੇਂ ਉਜਾਗਰ ਕਰਦਾ ਰਹੇ। ਗੁਰੂ ਜੀ ਨੇ ਮੂਰਤੀ-ਪੂਜਾ ਤੇ ਪੁਜਾਰੀਆਂ ਦੇ ਤਿਲਕ ਲਗਾਉਣ ਦਾ ਵੀ ਖੰਡਨ ਕੀਤਾ।

ਸਰਾਧ ਦੀ ਪ੍ਰਥਾ ਦਾ ਵੀ ਗੁਰੂ ਜੀ ਨੇ ਆਪਣੇ ਸ਼ਬਦਾਂ ਵਿਚ ਖੰਡਨ ਕੀਤਾ ਹੈ, ਕਿਉਂਕਿ ਪੰਡਤਾਂ ਦਾ ਇਹ ਵਿਚਾਰ ਸੀ ਕਿ ਸਰਾਧਾਂ ਵਿਚ ਦਿੱਤਾ ਗਿਆ ਦਾਨ ਮਰੇ ਹੋਏ ਵਿਅਕਤੀ ਨੂੰ ਲੱਗਦਾ ਹੈ, ਪਰ ਇਹ ਇਕ ਅੰਧ-ਵਿਸ਼ਵਾਸ ਹੈ। ਭਲਾ ਮਰੇ ਹੋਏ ਦੇ ਨਾਮ ਦਿੱਤਾ ਗਿਆ ਦਾਨ ਉਸ ਤੱਕ ਕਿਵੇਂ ਪੁੱਜ ਸਕਦਾ ਹੈ? ਗੁਰੂ ਜੀ ਨੇ ਆਪਣੇ ਸ਼ਬਦਾਂ ਵਿਚ ਇਸ ਦਾ ਖੰਡਨ ਕਰਦੇ ਹੋਏ ਕਿਹਾ ਕਿ ਅੱਗੇ ਤਾਂ ਕੇਵਲ ਉਹ ਚੀਜ਼ ਹੀ ਜਾਏਗੀ, ਜਿਸਨੂੰ ਖੁਦ ਆਪਣੇ ਹੱਥਾਂ ਨਾਲ ਦਾਨ ਕੀਤਾ ਗਿਆ ਹੋਵੇ ਤੇ ਉਸ ਵਿਚ ਆਪਣੀ ਮਿਹਨਤ ਨਾਲ ਕੀਤੀ ਗਈ ਕਮਾਈ ਹੋਣੀ ਬਹੁਤ ਜ਼ਰੂਰੀ ਹੈ -

**"ਅਗੈ ਵਸਤੁ ਸਿਞਾਣੀਐ, ਪਿਤਰੀ ਚੋਰ ਕਰੇਇ।"**

ਇਕ ਵਾਰ ਗੁਰੂ ਜੀ ਜਦ (ਹਰਿਦੁਆਰ), ਜਗਨਨਾਥਪੁਰੀ ਪਹੁੰਚੇ ਤਾਂ ਉਥੋਂ ਦੇ ਮੰਦਰਾਂ ਵਿਚ ਆਰਤੀ ਹੁੰਦੀ ਦੇਖ ਕੇ ਉਹ ਬਾਹਰ ਖੜ੍ਹੇ ਹੋ ਕੇ ਆਕਾਸ਼ ਵੱਲ ਨੂੰ ਇਕ-ਟੱਕ ਵੇਖਦੇ ਰਹੇ ਤੇ ਤਾਰਿਆਂ ਨਾਲ ਗੱਲ ਕਰਦੇ ਰਹੇ। ਕਦੇ ਉਹ ਜਗਤ ਦੇ ਨਾਥ ਦੇ ਧਿਆਨ ਵਿਚ ਮਸਤ ਹੋ ਜਾਂਦੇ ਤੇ ਕਦੇ ਮੰਦਰ ਵੱਲ ਨੂੰ ਦੇਖਦੇ, ਜਿਥੇ ਸਿਰਫ਼ ਅੰਧ-ਵਿਸ਼ਵਾਸ ਸੀ।

ਗੁਰੂ ਜੀ ਨੇ ਆਰਤੀ ਕਰਨ ਲਈ ਪੂਜਾ ਦਾ ਥਾਲ, ਧੂਫ, ਦੀਪ ਆਦਿ ਦੀ ਲੋੜ ਨੂੰ ਨਾ ਮੰਨਦੇ ਹੋਏ ਆਤਮਾ ਨੂੰ ਲੋੜੀਂਦਾ ਮੰਨਿਆ। ਉਹਨਾਂ ਨੇ 'ਧਨਾਸ੍ਰੀ' ਰਾਗ ਅਧੀਨ ਆਰਤੀ ਵਿਚ ਬ੍ਰਹਮ ਦੇ ਵਿਰਾਟ ਰੂਪ ਦਾ ਵਰਨਣ ਕੀਤਾ ਹੈ :

**"ਗਗਨ ਮੈ ਥਾਲੁ, ਰਵਿ ਚੰਦੁ ਦੀਪਕ ਬਨੇ
ਤਾਰਿਕਾ ਮੰਡਲ ਜਨਕ ਮੋਤੀ॥
ਧੂਪ ਮਲਆਨਲੋ ਪਵਣ ਚਵਰੋ ਕਰੇ
ਸਗਲ ਬਨਰਾਇ ਫੂਲੰਤ ਜੋਤੀ॥
ਕੈਸੀ ਆਰਤੀ ਹੋਇ ਭਵਖੰਡਨਾ ਤੇਰੀ ਆਰਤੀ
ਅਨਹਤਾ ਸ਼ਬਦ ਵਾਜੰਤ ਭੇਰੀ॥ ਰਹਾਉ॥"**

ਗੁਰੂ ਜੀ ਜਦ ਕਾਬਾ, ਜਿਸਨੂੰ ਮੁਸਲਮਾਨ ਪ੍ਰਭੂ ਦੀ ਪ੍ਰਾਪਤੀ ਦਾ ਸਥਾਨ ਮੰਨਦੇ ਹਨ, ਉਸ ਵੱਲ ਨੂੰ ਪੈਰ ਕਰਕੇ ਸੌ ਗਏ ਤਾਂ ਜੀਵਨ ਹਾਜੀ ਨੇ ਗੁਰੂ ਜੀ ਨੂੰ ਬੜੇ ਹੀ ਗੁੱਸੇ ਵਿਚ ਕਿਹਾ, "ਤੂੰ ਇਧਰ ਵੱਲ ਨੂੰ ਪੈਰ ਕਰਕੇ ਕਿਉਂ ਸੁੱਤਾ ਹੈਂ, ਇਧਰ ਤਾਂ ਖੁਦਾ ਦਾ ਘਰ ਹੈ" ਤਾਂ ਗੁਰੂ ਜੀ ਨੇ ਬੜੀ ਹੀ ਨਿਮਰਤਾ ਨਾਲ ਕਿਹਾ, "ਕਿਰਪਾ ਕਰਕੇ ਮੇਰੇ ਪੈਰ ਉਸ ਦਿਸ਼ਾ ਵੱਲ ਨੂੰ ਭੁਆ ਦਿਉ, ਜਿਸ ਪਾਸੇ ਸਰਗੁਣ ਰੱਬ ਹਾਜ਼ਰ ਨਹੀਂ ਹੈ। ਭਾਵ ਗੁਰੂ ਜੀ ਨੇ ਇਸ ਅੰਧ-ਵਿਸ਼ਵਾਸ ਦਾ ਖੰਡਨ ਕੀਤਾ ਤੇ ਉਸ ਨੂੰ ਦੂਰ ਕਰਦਿਆਂ ਹੋਇਆਂ ਇਹ ਸੰਦੇਸ਼ ਦਿੱਤਾ ਕਿ ਪਰਮਾਤਮਾ ਤਾਂ ਸਰਬਵਿਆਪਕ ਹੈ। ਉਹ ਤਾਂ ਮਨੁੱਖ ਦੇ ਅੰਦਰ ਹੀ ਵੱਸਦਾ ਹੈ, ਉਹ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਹਰ ਥਾਂ ਮੌਜੂਦ ਹੈ। ਪਰਮਾਤਮਾ ਨੂੰ ਲੱਭਣ ਦੇ ਲਈ ਖਾਸ ਦਿਸ਼ਾਵਾਂ, ਖਾਸ ਲੋਕ, ਖਾਸ ਧਰਮ ਜਾਂ ਜੰਗਲਾਂ ਆਦਿ ਵਿਚ ਜਾਣ ਦੀ ਲੋੜ ਨਹੀਂ, ਉਹ ਤਾਂ ਕਣ-ਕਣ ਦੇ ਵਿਚ ਵੱਸਦਾ ਹੈ। ਜਿਵੇਂ ਸੁਗੰਧੀ ਫੁੱਲਾਂ ਵਿਚ, ਪਰਛਾਵਾਂ ਰੋਸ਼ਨੀ ਵਿਚ।

ਗੁਰੂ ਜੀ ਨੇ ਹਰਿਦੁਆਰ ਵਿਚ ਵੇਖਿਆ ਕਿ ਲੋਕੀਂ ਗੰਗਾ ਵਿਚ ਇਸ਼ਨਾਨ ਕਰਦਿਆਂ ਚੜ੍ਹਦੇ ਸੂਰਜ ਵੱਲ ਮੂੰਹ ਕਰਕੇ ਪਾਣੀ ਦੇ ਰਹੇ ਸਨ। ਗੁਰੂ ਜੀ ਨੇ ਲੋਕਾਂ ਤੋਂ ਇਸ ਬਾਰੇ ਪੁੱਛਿਆ ਤੇ ਉਹਨਾਂ ਦੱਸਿਆ ਕਿ ਉਹ ਆਪਣੇ ਸਵਰਗੀ ਪੂਰਵਜਾਂ ਨੂੰ ਚੜ੍ਹਾਵਾ ਭੇਂਟ ਕਰ ਰਹੇ ਹਨ। ਦੂਜੇ ਪਲ ਹੀ ਗੁਰੂ ਜੀ ਨੇ ਵੀ ਪੱਛਮ ਵੱਲ ਨੂੰ ਮੂੰਹ ਕਰਕੇ ਉਸ ਦਿਸ਼ਾ ਵੱਲ ਪਾਣੀ ਦੇਣਾ ਸ਼ੁਰੂ ਕਰ ਦਿੱਤਾ। ਲੋਕਾਂ ਦੇ ਪੁੱਛਣ ਤੇ ਗੁਰੂ ਜੀ ਨੇ ਬੜੇ ਠਰ੍ਹੰਮੇ ਨਾਲ ਉਹਨਾਂ ਨੂੰ ਦੱਸਿਆ ਕਿ ਉਹ ਆਪਣੀਆਂ ਪੰਜਾਬ ਵਿਚਲੀਆਂ ਖੇਤੀਆਂ ਨੂੰ ਪਾਣੀ ਦੇ ਰਹੇ ਹਨ। ਲੋਕਾਂ ਨੇ ਫਿਰ ਗੁਰੂ ਜੀ ਨੂੰ ਪੁੱਛਿਆ ਕਿ ਇਹ ਪਾਣੀ ਤਿੰਨ ਸੌ ਮੀਲ ਦੂਰ ਕਿਵੇਂ ਪੁੱਜ ਸਕਦਾ ਹੈ? ਤਾਂ ਗੁਰੂ ਜੀ ਨੇ ਕਿਹਾ, "ਜੇਕਰ ਮੇਰੇ ਦੁਆਰਾ ਦਿੱਤਾ ਗਿਆ ਪਾਣੀ ਮੇਰੇ ਖੇਤਾਂ ਤੱਕ ਨਹੀਂ ਪੁੱਜ ਸਕਦਾ ਜੋ ਕਿ ਬਹੁਤ ਨੇੜੇ ਹੈ ਤਾਂ ਤੁਹਾਡਾ ਦਿੱਤਾ ਪਾਣੀ ਕਿਵੇਂ ਸੂਰਜ ਲੋਕ ਤੱਕ ਪੁੱਜ ਸਕਦਾ ਹੈ, ਜੋ ਕਿ ਕਰੋੜਾਂ ਮੀਲ ਦੂਰੀ 'ਤੇ ਹੈ।" ਇਸ ਘਟਨਾ ਦਾ ਜ਼ਿਕਰ ਗੁਰੂ ਜੀ ਦੀ ਜਨਮਸਾਖੀ ਵਿਚ ਦਰਜ ਹੈ। ਗੁਰੂ ਜੀ ਨੇ ਇਸ ਧਾਰਨਾ ਦਾ ਵੀ ਵਿਰੋਧ ਕੀਤਾ ਕਿ ਤੀਰਥਾਂ ਤੇ ਜਾ ਕੇ ਇਸ਼ਨਾਨ ਕਰਨ ਨਾਲ ਹੀ ਮੋਖ ਮਿਲ ਜਾਂਦਾ ਹੈ। ਗੁਰੂ ਜੀ ਚਾਹੁੰਦੇ ਸੀ ਕਿ ਮਨੁੱਖ ਦਾ ਅੰਤਰ ਪਵਿੱਤਰ ਹੋਵੇ। ਮਨ ਵਿਚ ਮੈਲ ਹੀ ਮੈਲ, ਬੇਈਮਾਨੀ, ਝੂਠ, ਕਪਟ, ਚੋਰੀ ਤੇ ਲਾਲਚ ਜੇਕਰ ਭਰਿਆ ਹੋਵੇ ਤਾਂ ਇਸ਼ਨਾਨ ਕਰਨ ਦਾ ਕੀ ਲਾਭ?

ਇਸ ਤੋਂ ਇਲਾਵਾ ਗੁਰੂ ਜੀ ਨੇ ਸੂਤਕ, ਸਰਾਧ, ਸੂਰਜ ਨੂੰ ਪਾਣੀ ਦੇਣਾ, ਇਕੋ ਹੀ ਦਿਸ਼ਾ ਵੱਲ ਨੂੰ ਪੈਰ ਪਸਾਰ ਕੇ ਸੋਣਾ ਆਦਿ ਕਰਮਾਂ ਦਾ ਆਪਣੇ ਜੀਵਨ ਅਤੇ ਰਚਨਾਵਾਂ ਵਿਚ ਵਿਰੋਧ ਕੀਤਾ ਹੈ। ਇਸ ਤਰ੍ਹਾਂ ਗੁਰੂ ਨਾਨਕ ਦੇਵ ਜੀ ਨੇ ਨਾ ਕੇਵਲ ਅਧਿਆਤਮਕ, ਧਾਰਮਿਕ, ਸੰਸਕ੍ਰਿਤੀ ਤੇ ਦਾਰਸ਼ਨਿਕ ਖੇਤਰ ਨੂੰ ਵਧਾਵਾ ਦਿੱਤਾ, ਬਲਕਿ ਸਮਾਜਿਕ ਖੇਤਰ ਵਿਚ ਵੀ ਓਨਾ ਹੀ ਉਪਰਾਲਾ ਕੀਤਾ ਅਤੇ ਸਮਾਜ ਤੇ ਉਸ ਵਿਚ ਰਹਿਣ ਵਾਲੇ ਲੋਕਾਂ ਦੇ ਪੱਧਰ ਨੂੰ ਵੀ ਉੱਚਾ ਚੁੱਕਣ ਲਈ ਬਾਣੀ ਰਾਹੀਂ ਸੰਦੇਸ਼ ਦਿੱਤਾ।

## ਰੱਖੜ ਪੁੰਨਿਆਂ ਨੂੰ ਸਮਰਪਿਤ ਸੱਜੇ ਭਾਰੀ ਦੀਵਾਨ

# ਸੰਗਤ ਵਿਚੋਂ ਹੀ ਸੁੱਖਾਂ ਦੀ ਪ੍ਰਾਪਤੀ ਹੋ ਸਕਦੀ ਹੈ - ਬਾਬਾ ਗੁਰਦੀਪ ਸਿੰਘ



**ਬਾਘਾਪੁਰਾਣਾ** - ਮਾਲਵੇ ਦਾ ਪ੍ਰਸਿੱਧ ਧਾਰਮਿਕ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਤੇਗਾ ਸਿੰਘ ਤਪ ਅਸਥਾਨ ਸੱਚਖੰਡ ਵਾਸੀ ਸੰਤ ਬਾਬਾ ਨਛੱਤਰ ਸਿੰਘ ਜੀ ਦੇ ਪਵਿੱਤਰ ਅਸਥਾਨਾਂ ਤੇ ਚੰਦ ਪੁਰਾਣਾ ਵਿਖੇ ਭਾਦੋਂ ਮਹੀਨੇ ਦੀ ਪੂਰਨਮਾਸ਼ੀ ਰੱਖੜ ਪੁੰਨਿਆਂ ਨੂੰ ਸਮਰਪਿਤ ਕਰਕੇ ਮਨਾਈ ਗਈ। ਇਸ ਅਸਥਾਨ ਦੇ ਮੁੱਖ ਸੇਵਾਦਾਰ ਬਾਬਾ ਗੁਰਦੀਪ ਸਿੰਘ ਵੱਲੋਂ ਇਸ ਸਮਾਗਮ ਸਬੰਧੀ ਸਾਰੇ ਪ੍ਰਬੰਧ ਬਹੁਤ ਹੀ ਵਧੀਆ ਤਰੀਕੇ ਨਾਲ ਕੀਤੇ ਗਏ ਸਨ। ਸਵੇਰੇ ਤੋਂ ਲੈ ਕੇ ਪੰਜਾਬ ਤੋਂ ਵੀ ਅਤੇ ਹੋਰ ਸਟੇਟਾਂ ਤੋਂ ਵੀ ਸੰਗਤਾਂ ਨੇ ਪਹੁੰਚ ਕੇ ਪਵਿੱਤਰ ਸਰੋਵਰ ਸਾਹਿਬ ਵਿਚ ਇਸ਼ਨਾਨ ਕਰਨ ਉਪਰੰਤ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ ਮੱਥਾ ਟੇਕਿਆ। ਦੀਵਾਨਾਂ ਵਿਚ ਹਾਜ਼ਰੀ ਲਵਾਈ। ਸਵੇਰੇ-ਸਵੇਰੇ ਸਹਿਜ ਪਾਠਾਂ ਦੇ ਭੋਗਾਂ ਉਪਰੰਤ ਰੱਬੀ ਬਾਣੀ ਦਾ ਕੀਰਤਨ ਹੋਇਆ ਜਿਸ ਵਿਚ ਭਾਈ ਜਸਪਾਲ ਸਿੰਘ, ਭਾਈ ਇਕਬਾਲ ਸਿੰਘ ਨੱਥੂਵਾਲਾ ਅਤੇ ਦਵਿੰਦਰ ਸਿੰਘ ਸੋਢੀ ਅਤੇ ਭਾਈ ਇਕਬਾਲ ਸਿੰਘ ਲੰਗੇਆਣਾ ਵਾਲਿਆਂ ਦੇ ਜੱਥਿਆਂ ਨੇ ਸੰਗਤਾਂ ਨੂੰ ਗੁਰਇਤਿਹਾਸ ਸੁਣਾ ਕੇ ਨਿਹਾਲ ਕੀਤਾ ਉਪਰੰਤ ਇਸ ਅਸਥਾਨ ਦੇ ਮੁੱਖ ਸੇਵਾਦਾਰ ਸੰਤ ਬਾਬਾ ਗੁਰਦੀਪ ਸਿੰਘ ਜੀ ਨੇ ਜੁੜੀਆਂ ਵੱਡੀ ਗਿਣਤੀ ਵਿਚ ਸੰਗਤਾਂ ਨੂੰ ਭਾਦੋਂ ਮਹੀਨੇ ਦੀ ਰੱਖੜ ਪੁੰਨਿਆਂ ਤੇ ਗੁਰਇਤਿਹਾਸ ਨਾਲ ਜੁੜਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਕਿਹਾ ਕਿ ਹਰ ਜੀਵ ਨੂੰ ਸੰਗਤ ਕਰਨੀ ਚਾਹੀਦੀ ਹੈ। ਸੰਗਤ ਵਿਚ ਹੀ ਸਾਰੇ ਗੁਣਾਂ ਦੀ ਪ੍ਰਾਪਤੀ ਹੁੰਦੀ ਹੈ ਤੇ ਜਨਮਾਂ-ਜਨਮਾਂ ਦੇ ਚੱਕਰ ਤੋਂ ਮੁਕਤੀ ਮਿਲ ਜਾਂਦੀ ਹੈ। ਮਨੁੱਖ ਕੋਲ ਸੰਗਤ ਕਰਨ ਦਾ ਸਮਾਂ ਆਪਣੇ ਦੁਨਿਆਵੀ ਕੰਮ ਕਰਕੇ ਘੱਟਦਾ ਜਾ ਰਿਹਾ ਹੈ ਇਸ ਕਰਕੇ ਸਾਨੂੰ ਦੁੱਖ ਘੇਰ ਰਹੇ ਹਨ। ਇਸ ਮੌਕੇ ਹੋਰਨਾਂ ਤੋਂ ਇਲਾਵਾ ਭਾਈ ਵਿਰਸਾ ਸਿੰਘ ਫੈਡਰੇਸ਼ਨ ਆਗੂ, ਸੁੱਖਾ ਸਿੰਘ ਮੋਗਾ, ਸੁਰਜੀਤ ਸਿੰਘ ਲੰਗੇਆਣਾ, ਡੀ.ਐਸ.ਪੀ. ਹਰਿੰਦਰ ਡੋਡ ਮੋਗਾ, ਚਮਕੌਰ ਸਿੰਘ ਚੰਦਪੁਰਾਣਾ, ਗੁਰਜੰਟ ਸਿੰਘ ਪ੍ਰਧਾਨ, ਦਰਸ਼ਨ ਸਿੰਘ ਡਰੋਲੀ ਭਾਈ, ਕੁਲਬੀਰ ਸਿੰਘ ਕੋਠੇਪੱਤੀ ਮਰੱਬਤ, ਚੰਦ ਸਿੰਘ ਮਰਾੜ, ਸੂਬੇਦਾਰ ਜੰਗੀਰ ਸਿੰਘ, ਜੋਰਾ ਸਿੰਘ ਪ੍ਰਧਾਨ, ਦਵਿੰਦਰ ਸਿੰਘ ਕੋਟ ਕਰੋੜ, ਕੱਕੂ ਸਿੰਘ ਧਰਮਕੋਟ, ਹੌਲਦਾਰ ਦੇਵ ਸਿੰਘ, ਰੇਸ਼ਮ ਸਿੰਘ, ਬਹਾਦਰ ਸਿੰਘ ਪ੍ਰਧਾਨ ਲੰਗੇਆਣਾ ਆਦਿ ਹਾਜ਼ਰ ਸਨ।